**PUNJAB PUBLIC SERVICE COMMISSION**
**BARADARI GARDENS, PATIALA-147001**
Tel No.0175-5014832-33 (Office)
WEBSITE : **https://ppsc.gov.in**

# PUBLIC NOTICE

CONDUCT OF STENOGRAPHY TEST IN ENGLISH AND PUNJABI FOR 3 POSTS OF SENIOR SCALE STENOGRAPHER IN THE OFFICE OF PUNJAB PUBLIC SERVICE COMMISSION, PATIALA.

This is for information of the candidates that Stenography Test in English and Punjabi for the above posts will be conducted on 25/10/2025 (Saturday) in single batch.

The list of candidates called for the Stenography Test is attached as Annexure-A and instructions regarding this exam are attached after Annexure-A (ਕੰਪਿਊਟਰ ਅਧਾਰਿਤ ਸੀਨੀਅਰ ਸਕੇਲ ਸਟੈਨੋਗ੍ਰਾਫਰ ਟੈੱਸਟ ਲਈ ਹਦਾਇਤਾਂ).

It is also informed that the Punjab Public Service Commission will upload Admit Cards for the above Stenography Test later on.

Information regarding Examination Centre (including time of reporting and venue) shall be intimated to the candidates on their Admit Cards. The candidates are advised to keep visiting Commission's website https://ppsc.gov.in for latest updates.

Note: The date, time and other details of Stenography Test is liable to alteration, if the circumstances so warrant.

Sd/-
Secretary (Examinations)
Punjab Public Service Commission
Patiala

Date: 26/09/2025

# PUNJAB PUBLIC SERVICE COMMISSION

**RECRUITMENT FOR 3 POSTS OF SENIOR SCALE STENOGRAPHERS IN THE OFFICE OF PUNJAB PUBLIC SERVICE COMMISSION, PATIALA**

**ANNEXURE-A**

| S.NO | REFERENCE NUMBER | ROLL NO | CANDIDATE NAME | FATHER NAME |
|---|---|---|---|---|
| 1 | 2019232589 | 118474 | AMIT SARAO | JASWINDER SIGH |
| 2 | 20192325875 | 118427 | GAURAV GAUTAM | SANJEEV KUMAR |
| 3 | 20192325825 | 118495 | GURBAZ SINGH | HARBHAJAN SINGH |
| 4 | 20192325813 | 118486 | GURBHEJ SINGH | KIRPAL SINGH |
| 5 | 20192325879 | 118470 | GURJEET KAUR | JASWINDER SINGH |
| 6 | 20192325885 | 118480 | GURLEEN KAUR | SARVJEET SINGH |
| 7 | 201923258119 | 118488 | HARNEESH KAUR | IQBAL SINGH |
| 8 | 20192325852 | 118437 | JAGJIT SINGH | SWARAN SINGH |
| 9 | 201923258100 | 118471 | JASPREET SINGH | SIMERJEET SINGH |
| 10 | 20192325850 | 118431 | JASPREET SINGH | AJAIB SINGH |
| 11 | 20192325859 | 118466 | JOHNY | RAJ KUMAR |
| 12 | 20192325851 | 118426 | KARANDEEP KAUR | PRITPAL SINGH |
| 13 | 20192325838 | 118484 | KHUSHWINDER SINGH | PARAMJIT SINGH |
| 14 | 20192325884 | 118475 | KULBIR KAUR | KASHMIR SINGH |
| 15 | 20192325856 | 118465 | KULDEEP SINGH | AVTAR SINGH |
| 16 | 20192325893 | 118451 | LAKHWINDER SINGH | DHARAM CHAND |
| 17 | 20192325871 | 118421 | MADAN MOHAN | ASHOK KUMAR |
| 18 | 20192325857 | 118477 | MANDEEP SINGH | SUKHMINDER SINGH |
| 19 | 2019232587 | 118494 | MANDEEP SINGH | JASWINDER SINGH |
| 20 | 20192325887 | 118479 | MANISHA | ASHOK KUMAR |
| 21 | 20192325843 | 118424 | MANJEET SINGH | HARI SINGH |
| 22 | 20192325860 | 118489 | MANPREET KAUR | RAJWANT SINGH |
| 23 | 20192325897 | 118485 | MANPREET KAUR | BARINDER KUMAR |
| 24 | 20192325829 | 118460 | MEENAKSHI RANI | VINOD KUMAR |
| 25 | 201923258110 | 118461 | MOHIT KUMAR | BALWINDER PAL |
| 26 | 20192325847 | 118430 | MONIKA | BIR DASS |
| 27 | 201923258103 | 118441 | NAVDEEP SINGH | PARMINDER SINGH |
| 28 | 2019232585 | 118473 | PARMJEET KAUR | INDERBIR SINGH |
| 29 | 20192325867 | 118468 | PARVEEN KUMAR | VIJAY KUMAR |
| 30 | 20192325892 | 118450 | POOJA CHAUHAN | RAJU |
| 31 | 20192325826 | 118458 | PRITIKA RANI | VIJAY KUMAR |
| 32 | 201923258102 | 118463 | PRIYANKA SAHOTA | RAMESH KUMAR SAHOTA |

# PUNJAB PUBLIC SERVICE COMMISSION

**RECRUITMENT FOR 3 POSTS OF SENIOR SCALE STENOGRAPHERS IN THE OFFICE OF PUNJAB PUBLIC SERVICE COMMISSION, PATIALA**

**ANNEXURE-A**

| S.NO | REFERENCE NUMBER | ROLL NO | CANDIDATE NAME | FATHER NAME |
|---|---|---|---|---|
| 33 | 20192325898 | 118452 | RAHUL KUMAR | SOHAN LAL |
| 34 | 20192325874 | 118478 | RUPINDER SINGH | AMARJIT SINGH |
| 35 | 20192325840 | 118487 | SANDEEP KAUR | NACHHATTAR SINGH |
| 36 | 201923258114 | 118467 | SARABJEET SINGH | SUKHDEV SINGH |
| 37 | 201923258113 | 118444 | SHAWINDER KAUR | GURMEET SINGH |
| 38 | 20192325853 | 118483 | SIMRAN JEET KAUR | VAJINDER SINGH |
| 39 | 20192325836 | 118455 | SONIA | INDERJIT SHARMA |
| 40 | 201923258107 | 118482 | SUKHJINDER SINGH SAROE | BHAGWAN SINGH SAROE |
| 41 | 20192325819 | 118493 | SUKHVIR SINGH | DALWARA SINGH |
| 42 | 20192325869 | 118425 | SUNITA DEVI | SH PAL SINGH |
| 43 | 20192325895 | 118435 | SUNITA RANI | SHIV KUMAR SHARMA |
| 44 | 20192325845 | 118448 | SURINDER KUMAR | SUBHASH KUMAR |
| 45 | 20192325858 | 118445 | VIKAS | PANA LAL |

# ਕੰਪਿਊਟਰ ਆਧਾਰਿਤ ਸੀਨੀਅਰ ਸਕੇਲ ਸਟੈਨੋਗ੍ਰਾਫਰ ਟੈੱਸਟ ਲਈ ਹਦਾਇਤਾਂ

ਆਮ ਹਦਾਇਤਾਂ:-

1. ਪੰਜਾਬੀ ਅਤੇ ਅੰਗਰੇਜ਼ੀ ਸ਼ਾਰਟਹੈਂਡ ਟੈੱਸਟ ਲਈ ਵਿਸਤ੍ਰਿਤ ਮਾਪਦੰਡ ਹੇਠ ਲਿਖੇ ਅਨੁਸਾਰ ਹਨ -

| ਕ੍ਰਮ-ਅੰਕ | ਆਈਟਮ/ਮਦ | ਸ਼ਾਰਟਹੈਂਡ ਪੰਜਾਬੀ ਟੈੱਸਟ ਸਬੰਧੀ ਜਾਣਕਾਰੀ | ਸ਼ਾਰਟਹੈਂਡ ਅੰਗਰੇਜ਼ੀ ਟੈੱਸਟ ਸਬੰਧੀ ਜਾਣਕਾਰੀ |
|---|---|---|---|
| 1 | ਘੱਟੋ-ਘੱਟ ਯੋਗਤਾ ਮਾਪਦੰਡ | ਪੰਜਾਬੀ ਸ਼ਾਰਟਹੈਂਡ ਵਿੱਚ ਘੱਟੋ-ਘੱਟ 100 ਸ਼ਬਦ ਪ੍ਰਤੀ ਮਿੰਟ ਦੀ ਕੁਆਲੀਫਾਇੰਗ ਸਪੀਡ; ਅਤੇ ਕੰਪਿਊਟਰ ਉੱਤੇ ਪੰਜਾਬੀ ਵਿੱਚ ਵੱਧ ਤੋਂ ਵੱਧ 4% ਗਲਤੀਆਂ ਦੇ ਨਾਲ 20 ਸ਼ਬਦ ਪ੍ਰਤੀ ਮਿੰਟ ਦੀ ਟ੍ਰਾਂਸਕ੍ਰਿਪਸ਼ਨ ਸਪੀਡ। | ਅੰਗਰੇਜ਼ੀ ਸ਼ਾਰਟਹੈਂਡ ਵਿੱਚ ਘੱਟੋ-ਘੱਟ 60 ਸ਼ਬਦ ਪ੍ਰਤੀ ਮਿੰਟ ਦੀ ਕੁਆਲੀਫਾਇੰਗ ਸਪੀਡ; ਅਤੇ ਕੰਪਿਊਟਰ ਉੱਤੇ ਅੰਗਰੇਜ਼ੀ ਵਿੱਚ ਵੱਧ ਤੋਂ ਵੱਧ 4% ਗਲਤੀਆਂ ਦੇ ਨਾਲ 12 ਸ਼ਬਦ ਪ੍ਰਤੀ ਮਿੰਟ ਦੀ ਟ੍ਰਾਂਸਕ੍ਰਿਪਸ਼ਨ ਸਪੀਡ। |
| 2 | ਡਿਕਟੇਸ਼ਨ ਲਈ ਟੈੱਸਟ ਵਾਲੇ ਪੈਰ੍ਹੇ ਦੀ ਲੰਬਾਈ | 250-250 ਸ਼ਬਦਾਂ ਦੇ ਦੋ ਪੈਰ੍ਹੇ। ਹਰੇਕ ਪੈਰ੍ਹੇ ਵਿਚਲੇ ਸਾਰੇ 250 ਸ਼ਬਦ ਸਿਰਫ਼ ਇੱਕ ਪੈਰ੍ਹੇ ਦੇ ਰੂਪ ਵਿੱਚ ਦਿੱਤੇ ਗਏ ਹਨ। | 250-250 ਸ਼ਬਦਾਂ ਦੇ ਦੋ ਪੈਰ੍ਹੇ। ਹਰੇਕ ਪੈਰ੍ਹੇ ਵਿਚਲੇ ਸਾਰੇ 250 ਸ਼ਬਦ ਸਿਰਫ਼ ਇੱਕ ਪੈਰ੍ਹੇ ਦੇ ਰੂਪ ਵਿੱਚ ਦਿੱਤੇ ਗਏ ਹਨ। |
| 3 | ਡਿਕਟੇਸ਼ਨ ਸਮਾਂ | ਪਹਿਲਾ ਪੈਰ੍ਹਾ 2 ਮਿੰਟ 30 ਸਕਿੰਟ, 2 ਮਿੰਟ ਦੇ ਆਰਾਮ ਤੋਂ ਬਾਅਦ, ਦੂਜਾ ਪੈਰ੍ਹਾ 2 ਮਿੰਟ 30 ਸਕਿੰਟ | ਪਹਿਲਾ ਪੈਰ੍ਹਾ 4 ਮਿੰਟ 12 ਸਕਿੰਟ, 2 ਮਿੰਟ ਦੇ ਆਰਾਮ ਤੋਂ ਬਾਅਦ, ਦੂਜਾ ਪੈਰ੍ਹਾ 4 ਮਿੰਟ 12 ਸਕਿੰਟ |
| 4 | ਟ੍ਰਾਂਸਕ੍ਰਿਪਸ਼ਨ ਸਮਾਂ | 500 ਸ਼ਬਦਾਂ ਲਈ 25 ਮਿੰਟ | 500 ਸ਼ਬਦਾਂ ਲਈ 42 ਮਿੰਟ |
| 5 | ਡਿਕਟੇਸ਼ਨ ਲਈ ਟ੍ਰਾਇਲ ਵਾਲੇ ਪੈਰ੍ਹੇ ਦੀ ਲੰਬਾਈ | 200 ਸ਼ਬਦ | 120 ਸ਼ਬਦ |
| 6 | ਡਿਕਟੇਸ਼ਨ ਲਈ ਟ੍ਰਾਇਲ ਵਾਲੇ ਪੈਰ੍ਹੇ ਲਈ ਸਮਾਂ | 2 ਮਿੰਟ | 2 ਮਿੰਟ |
| 7 | ਟ੍ਰਾਇਲ ਲਈ ਟ੍ਰਾਂਸਕ੍ਰਿਪਸ਼ਨ ਅਭਿਆਸ ਲਈ ਸਮਾਂ | 2 ਮਿੰਟ | 2 ਮਿੰਟ |

2. ਉਮੀਦਵਾਰਾਂ ਨੂੰ ਪੰਜਾਬੀ ਪੈਰ੍ਹੇ ਨੂੰ ਇਨਸਕ੍ਰਿਪਟ ਕੀਬੋਰਡ ਦੀ ਵਰਤੋਂ ਕਰਦੇ ਹੋਏ ਯੂਨੀਕੋਡ ਆਧਾਰਿਤ ਰਾਵੀ ਫੌਂਟ ਵਿੱਚ ਲਿਪੀਅੰਤਰਿਤ/ਟ੍ਰਾਂਸਕ੍ਰਾਈਬ ਕਰਨਾ ਹੋਵੇਗਾ। ਪੰਜਾਬੀ ਪੈਰ੍ਹਾ ਗੁਰਮੁਖੀ ਵਰਨਮਾਲਾ, ਅੰਗਰੇਜ਼ੀ ਦੇ ਅੰਕਾਂ ਅਤੇ ਵਿਰਾਮ ਚਿੰਨ੍ਹਾਂ ਤੋਂ ਲਏ ਗਏ ਅੱਖਰਾਂ ਤੋਂ ਬਣਿਆ ਹੋਵੇਗਾ।
3. ਪੰਜਾਬੀ ਵਿਚ ਲਗਾਮਾਤਰਾ ਅਤੇ ਅਰਧ ਅੱਖਰਾਂ ਨੂੰ ਸਹੀ ਸਥਾਨਾ ਤੇ ਟਾਈਪ ਕਰਨਾ ਹੁੰਦਾ ਹੈ ਅਤੇ ਜੇਕਰ ਅਜਿਹੇ ਅੱਖਰ ਨੂੰ ਛੱਡ ਦਿੱਤਾ ਜਾਂਦਾ ਹੈ ਜਾਂ ਸ਼ਬਦਾਂ ਵਿਚ ਵਾਧੂ ਅੱਖਰ ਜੋੜ ਦਿੱਤੇ ਜਾਂਦੇ ਹਨ, ਤਾਂ ਪੂਰਾ ਸ਼ਬਦ ਗ਼ਲਤ ਮੰਨਿਆ ਜਾਵੇਗਾ।
4. ਕੀ ਬੋਰਡ ਦੇ ਕੁਝ ਬਟਨ, ਜੋ ਕਿ ਟਾਈਪਿੰਗ ਟੈੱਸਟ ਸਾਫ਼ਟਵੇਅਰ ਨਾਲ ਸੰਬੰਧਿਤ ਨਹੀਂ ਹਨ ਟੈੱਸਟ ਦੌਰਾਨ ਗ਼ੈਰ-ਕਾਰਜਸ਼ੀਲ ਰਹਿਣਗੇ।
5. ਟਾਈਪਿੰਗ ਟੈੱਸਟ ਸਾਫ਼ਟਵੇਅਰ ਟੈੱਸਟ ਦੌਰਾਨ ਉਮੀਦਵਾਰ ਦੁਆਰਾ ਦਬਾਏ ਗਏ ਸਾਰੇ ਬਟਨ-ਜੁੱਟਾਂ ਨੂੰ ਰਿਕਾਰਡ ਕਰਦਾ ਹੈ, ਉਮੀਦਵਾਰ ਨੂੰ ਪੁਰਜ਼ੋਰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਮਾਈਕ੍ਰੋਸਾਫ਼ਟ ਵਿੰਡੋਜ਼ ਦੇ ਬਟਨ-ਜੁੱਟਾਂ ਜਿਵੇਂ ਕਿ **Windows+L, Ctr+Alt+Del** ਆਦਿ ਵਰਗੇ ਅਵੈਧ ਬਟਨ-ਜੁੱਟਾਂ ਨੂੰ ਨਾ ਦਬਾਉਣ। ਅਜਿਹੇ ਮਾਮਲਿਆਂ ਵਿੱਚ ਸਮੇਂ ਦੀ ਬਰਬਾਦੀ ਲਈ ਜਾਂ ਕਿਸੇ ਹੋਰ ਅਸੁਵਿਧਾ ਲਈ ਉਮੀਦਵਾਰ ਖੁਦ ਜ਼ਿੰਮੇਵਾਰ ਹੋਵੇਗਾ। ਅਜਿਹੇ ਮਾਮਲੇ ਵਿੱਚ ਕੋਈ ਵਾਧੂ ਸਮਾਂ ਜਾਂ ਮੌਕਾ ਨਹੀਂ ਦਿੱਤਾ ਜਾਵੇਗਾ।
6. ਡਿਕਟੇਸ਼ਨ ਸ਼ੀਟ ਤੇ ਸ਼ਾਰਟਹੈਂਡ ਤੋਂ ਬਿਨਾਂ ਪੰਜਾਬੀ/ਅੰਗਰੇਜ਼ੀ ਲੌਂਗਹੈਂਡ ਵਿਚ ਲਿਖਣ ਦੀ ਮਨਾਹੀ ਹੈ ਕਿਉਂਕਿ ਇਹ ਟੈੱਸਟ ਸਟੈਨੋਗ੍ਰਾਫੀ ਦਾ ਟੈੱਸਟ ਹੈ।

ਟ੍ਰਾਂਸਕ੍ਰਿਪਸ਼ਨ ਨਾਲ ਸੰਬੰਧਿਤ ਹਦਾਇਤਾਂ:-

1. "ਸ਼ਬਦ" ਦੀ ਪਰਿਭਾਸ਼ਾ ਨੂੰ ਵਿਰਾਮ ਚਿੰਨ੍ਹ (ਜੋੜਨੀ ਨੂੰ ਛੱਡ ਕੇ) ਜਾਂ ਸਪੇਸ ਦੁਆਰਾ ਵੱਖ ਕੀਤੇ ਅੱਖਰ-ਸੰਯੋਗਾਂ ਦੇ ਰੂਪ ਵਿੱਚ ਪ੍ਰਮਾਣਿਤ ਕੀਤਾ ਗਿਆ ਹੈ।
2. ਸ਼ਬਦ-ਜੋੜਾਂ ਲਈ ਨਿਮਨਲਿਖਤ ਸ਼ਬਦਕੋਸ਼ਾਂ/ਸਪੈੱਲ ਚੈੱਕਰਾਂ ਨੂੰ ਮਿਆਰੀ ਸ਼ਬਦ ਕੋਸ਼/ਸਪੈੱਲ ਚੈੱਕਰ ਮੰਨਿਆ ਜਾਵੇਗਾ:
    - ਪੰਜਾਬੀ ਸ਼ਬਦ-ਰੂਪ ਤੇ ਸ਼ਬਦ-ਜੋੜ ਕੋਸ਼ (ਸੰਪਾਦਕ-ਡਾ. ਹਰਕੀਰਤ ਸਿੰਘ)
    - ਪ੍ਰਮਾਣਿਕ ਪੰਜਾਬੀ ਕੋਸ਼ (ਪ੍ਰਕਾਸ਼ਕ-ਭਾਸ਼ਾ ਵਿਭਾਗ)
    - ਅੱਖਰ 2021 ਵਿੱਚ ਪ੍ਰਦਾਨ ਕੀਤਾ ਗਿਆ ਪੰਜਾਬੀ ਸਪੈੱਲ ਚੈੱਕਰ
    - ਅੰਗਰੇਜ਼ੀ ਦੀ ਆਕਸਫੋਰਡ ਡਿਕਸ਼ਨਰੀ

ਨੋਟ-ਵਿਦੇਸ਼ੀ ਸ਼ਬਦਾਂ, ਨਿੱਜੀ ਨਾਂਵਾਂ ਅਤੇ ਹੋਰ ਸ਼ਬਦਾਂ, ਜੋ ਉਪਰੋਕਤ ਸ਼ਬਦ ਕੋਸ਼ਾਂ/ਸਪੈੱਲ ਚੈੱਕਰਾਂ ਵਿੱਚੋਂ ਕਿਸੇ ਵਿੱਚ ਵੀ ਮੌਜੂਦ ਨਹੀਂ ਹਨ, ਬਾਰੇ ਫੈਸਲਾ ਇਸ ਮਕਸਦ ਲਈ ਗਠਿਤ ਭਾਸ਼ਾ ਮਾਹਿਰਾਂ ਦੀ ਕਮੇਟੀ ਦੁਆਰਾ ਲਿਆ ਜਾਵੇਗਾ।

3. ਪੰਜਾਬੀ ਸ੍ਵਰਾਂ ਨੂੰ ਇਕਹਿਰੇ ਅੱਖਰ ਵਜੋਂ ਟਾਈਪ ਕੀਤਾ ਜਾਣਾ ਚਾਹੀਦਾ ਹੈ ਨਾ ਕਿ ਸ੍ਵਰ ਵਾਹਕ + ਮਾਤਰਾ ਦੇ ਸੁਮੇਲ ਵਜੋਂ। ਇਸ ਤਰ੍ਹਾਂ ਉਦਾਹਰਨ ਲਈ, ਆ ਨੂੰ ਦੋ ਅੱਖਰਾਂ ਦੇ ਸੁਮੇਲ (ਅਤੋਂ ਬਾਅਦ ਾ) ਦੇ ਰੂਪ ਵਿੱਚ ਨਹੀਂ, ਕੇਵਲ ਇਕਹਿਰੇ ਅੱਖਰ ਦੇ ਰੂਪ ਵਿੱਚ ਟਾਈਪ ਕੀਤਾ ਜਾਣਾ ਚਾਹੀਦਾ ਹੈ। ਹੇਠਾਂ ਦਿੱਤੀ ਸਾਰਨੀ ਵਿੱਚ ਇਨਸਕ੍ਰਿਪਟ ਕੀ-ਬੋਰਡ ਉੱਤੇ ਸਵਰਾਂ ਨੂੰ ਟਾਈਪ ਕਰਨ ਲਈ ਸਹੀ ਕੁੰਜੀ-ਜੁੱਟਾਂ ਨੂੰ ਦਿੱਤਾ ਗਿਆ ਹੈ

| ਸਹੀ ਸ੍ਵਰ ਵਰਤੋਂ | ਇਨਸਕ੍ਰਿਪਟ ਕੀਬੋਰਡ ਦੇ ਕੁੰਜੀ-ਜੁੱਟ | ਗ਼ਲਤ ਸ੍ਵਰ-ਸੰਯੋਗ (ਅਸਵੀਕ੍ਰਿਤ) |
|---|---|---|
| ਉ | Shift + G | ੳੁ |
| ਊ | Shift + T | ੳੂ |
| ਓ | Shift + A | ਓ |
| ਆ | Shift + E | ਅਾ |
| ਐ | Shift + W | ਅੈ |
| ਔ | Shift + Q | ਅੌ |
| ਇ | Shift + F | ਿੲ |
| ਈ | Shift + R | ੲੀ |
| ਏ | Shift + S | ੲੇ |

4. ਗ਼ਲਤੀਆਂ ਗਿਣਦੇ ਸਮੇਂ :-

i) ਪੂਰੀਆਂ ਗ਼ਲਤੀਆਂ:

4.1.1 ਕਿਸੇ ਵੀ ਸ਼ਬਦ ਨੂੰ ਛੱਡਣਾ

4.1.2 ਕਿਸੇ ਵੀ ਠੀਕ ਸ਼ਬਦ ਦੀ ਥਾਂ ਕੋਈ ਹੋਰ ਟਾਈਪ ਕੀਤੇ ਸ਼ਬਦ ਨਾਲ ਬਦਲੀ(replace) ਜਿਵੇਂ ਮੈਂ ਦੀ ਥਾਂ ਮੈਨੂੰ, ਵਸੀਅਤ ਦੀ ਥਾਂ ਵਿਸ਼ਵਾਸ ਗਲਤ ਮੰਨੇ ਜਾਣਗੇ। ਇਸੇ ਤਰ੍ਹਾਂ ਦੁਹਰਾਅ ਕੀਤੇ ਸ਼ਬਦ ਦੀ ਵੀ ਪੂਰੀ ਗਲਤੀ ਮੰਨੀ ਜਾਵੇਗੀ ਜਿਵੇਂ। ਵਿਭਾਗ ਦੀ ਥਾਂ ਵਿਭਾਗ ਵਿਭਾਗ

4.1.3 ਗ਼ਲਤ/ਵਾਧੂ ਟਾਈਪ ਕੀਤੇ ਸ਼ਬਦ ਜੋ ਪੈਰ੍ਹੇ ਵਿੱਚ ਨਹੀਂ ਮਿਲਦੇ

4.1.4 ਲਗਮਾਤਰਾ ਦੀਆਂ ਗ਼ਲਤੀਆਂ (ਕੇਵਲ ਪੰਜਾਬੀ ਲਈ): ਲਗਮਾਤਰਾ ਦੀ ਗ਼ਲਤ ਵਰਤੋਂ। ਉਦਾਹਰਨ ਲਈ, ਕਵਿਤਾ ਦੀ ਥਾਂ ਕਵੀਤਾ, ਲੈ ਦੀ ਥਾਂ ਲੇ, ਗੁਰੂ ਦੀ ਥਾਂ ਗੁਰੁ, ਰੌਲ਼ਾ ਦੀ ਥਾਂ ਰੋਲ਼ਾ, ਇਹ ਦੀ ਥਾਂ ਏਹ, ਬਹੁਤ ਦੀ ਥਾਂ ਬੌਹਤ, ਸਹੁੰ ਦੀ ਥਾਂ ਸੌਂਹ ਅਤੇ ਟਹਿਲ਼ ਦੀ ਥਾਂ ਟੈਹਲ, ਨਵੇਂ ਦੀ ਥਾਂ ਤੇ ਨਵੇ, ਮਾਂ ਦੀ ਥਾਂ ਮਾ, ਜਾਂ ਦੀ ਥਾਂ ਜਾ ਪੂਰੀ ਗ਼ਲਤੀ ਮੰਨੀ ਜਾਵੇਗੀ।

4.1.5 ਉਮੀਦਵਾਰ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਪ੍ਰਮਾਣਿਕ ਡਿਕਸ਼ਨਰੀਆਂ/ਸਪੈੱਲ-ਚੈੱਕਰਾਂ

ਆਦਿ ਦੇ ਅਨੁਸਾਰ ਹੀ ਆਮ ਤੌਰ ਉੱਤੇ ਵਰਤੇ ਜਾਂਦੇ ਪੰਜਾਬੀ/ਅੰਗਰੇਜ਼ੀ ਸ਼ਬਦਾਂ ਦੇ ਸਹੀ ਸ਼ਬਦ-ਜੋੜ ਪਾਉਣ। ਗ਼ਲਤ ਸ਼ਬਦ-ਜੋੜਾਂ ਵਾਲੇ ਸ਼ਬਦਾਂ ਨੂੰ ਪੂਰੀ ਗ਼ਲਤੀ ਮੰਨਿਆ ਜਾਵੇਗਾ।

4.1.6 ਅੰਗਰੇਜ਼ੀ ਫ਼ੁੱਲ ਸਟਾਪ "." (ਸਿਵਾਏ ਜਦੋਂ ਸੰਖੇਪ ਰੂਪਾਂ ਨਾਲ ਵਰਤਿਆ ਜਾਂਦਾ ਹੈ), ਪ੍ਰਸ਼ਨ ਚਿੰਨ੍ਹ "?" ਅਤੇ ਪੰਜਾਬੀ ਪੂਰਨ ਵਿਰਾਮ ਜਾਂ ਡੰਡੀ "।" ਨੂੰ ਵੱਖਰੇ ਸ਼ਬਦਾਂ ਵਜੋਂ ਮੰਨਿਆ ਜਾਵੇਗਾ ਅਤੇ ਉਨ੍ਹਾਂ ਵਿੱਚ ਕੋਈ ਵੀ ਗ਼ਲਤੀ ਪੂਰੀ ਗਲਤੀ ਮੰਨੀ ਜਾਵੇਗੀ। ਜੇਕਰ ਇਨ੍ਹਾਂ ਵਿਰਾਮ ਚਿੰਨ੍ਹਾਂ ਦੇ ਬਾਅਦ ਕੋਈ ਸਪੇਸ ਨਹੀਂ ਹੈ, ਤਾਂ ਇਸਨੂੰ ਸਪੇਸ ਦੀ ਗ਼ਲਤੀ ਮੰਨਿਆ ਜਾਵੇਗਾ।

4.1.7 ਦੋ ਸ਼ਬਦਾਂ ਦੇ ਆਪਸ ਵਿੱਚ ਬਦਲ ਜਾਣ ਦੀ ਜਿਵੇਂ ਪੰਜਾਬ ਸਰਕਾਰ ਦੀ ਥਾਂ ਤੇ ਸਰਕਾਰ ਪੰਜਾਬ ਇੱਕ ਗਲਤੀ ਮੰਨੀ ਜਾਵੇਗੀ।

4.1.8 ਸੰਖੇਪ ਅਤੇ ਛੋਟੇ ਰੂਪ:

4.1.8.1 ਉਪਾਧੀ ਰੂਪੀ ਸ਼ਬਦਾਂ (ਸੰਬੋਧਨੀ ਸ਼ਬਦ) ਨੂੰ ਛੱਡ ਕੇ ਸੰਖੇਪ ਰੂਪਾਂ ਨੂੰ ਉਨ੍ਹਾਂ ਦੇ ਪੂਰੇ ਰੂਪ ਵਜੋਂ ਟਾਈਪ ਕੀਤਾ ਜਾਣਾ ਚਾਹੀਦਾ ਹੈ। ਇਸ ਤਰ੍ਹਾਂ **Government, Private, Limited** ਅਤੇ **Company** ਵਰਗੇ ਸ਼ਬਦਾਂ ਨੂੰ ਕ੍ਰਮਵਾਰ **Govt., Pvt., Ltd.** ਅਤੇ **Co.** ਦੇ ਰੂਪ ਵਿੱਚ ਨਹੀਂ, ਪੂਰੇ ਰੂਪ ਵਿੱਚ ਟਾਈਪ ਕੀਤਾ ਜਾਣਾ ਚਾਹੀਦਾ ਹੈ, ਨਹੀਂ ਤਾਂ ਉਨ੍ਹਾਂ ਨੂੰ ਪੂਰੀ ਗ਼ਲਤੀ ਮੰਨਿਆ ਜਾਵੇਗਾ। ਸਿਰਫ਼ ਆਮ ਤੌਰ ਉੱਤੇ ਵਰਤੇ ਜਾਣ ਵਾਲੇ ਉਪਾਧੀ ਰੂਪ ਸ਼ਬਦਾਂ (ਸੰਬੋਧਨੀ ਸ਼ਬਦ) ਨੂੰ ਛੋਟ ਹੈ, ਜਿਨ੍ਹਾਂ ਨੂੰ ਸੰਖੇਪ ਜਾਂ ਉਹਨਾਂ ਦੇ ਪੂਰੇ ਰੂਪ ਵਜੋਂ ਟ੍ਰਾਂਸਕ੍ਰਾਈਬ ਕੀਤਾ ਜਾ ਸਕਦਾ ਹੈ। ਉਦਾਹਰਨ ਲਈ, ਡਿਕਟੇਸ਼ਨ ਸ਼ਬਦ ਡਾਕਟਰ, ਸਰਦਾਰ ਅਤੇ ਪ੍ਰੋਫੈਸਰ ਨੂੰ, ਜਦੋਂ ਉਪਾਧੀਰੂਪੀ ਸ਼ਬਦਾਂ (ਸੰਬੋਧਨੀਸ਼ਬਦ)ਵਿੱਚ ਵਰਤਿਆ ਜਾਂਦਾ ਹੈ ਤਾਂ ਉਨ੍ਹਾਂ ਨੂੰ ਪੂਰੇ ਰੂਪ ਜਾਂ ਉਨ੍ਹਾਂ ਦੇ ਛੋਟੇ ਰੂਪਾਂ ਡਾ., ਸ.ਅਤੇ ਪ੍ਰੋ.ਵਜੋਂ ਟਾਈਪ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ **Doctor**ਅਤੇ **Dr.** ਨੂੰ ਸਹੀ ਮੰਨਿਆ ਜਾਵੇਗਾ ਜਦੋਂ ਇਹਨਾਂ ਨੂੰ ਉਪਾਧੀਰੂਪੀ ਸ਼ਬਦਾਂ (ਸੰਬੋਧਨੀ ਸ਼ਬਦ) ਦੇ ਰੂਪ ਵਿੱਚ ਵਰਤਿਆ ਜਾਂਦਾ ਹੈ। ਇਸ ਲਈ **Dr.Garg** ਨੂੰ **Dr.Garg** ਜਾਂ **Doctor Garg** ਵਜੋਂ ਲਿਖਣਾ ਸਹੀ ਮੰਨਿਆ ਜਾਵੇਗਾ। ਪੰਜਾਬੀ ਅਤੇ ਅੰਗਰੇਜ਼ੀ ਦੋਨਾਂ ਵਿੱਚ ਸੰਖੇਪ ਰੂਪ ਦੇ ਬਾਅਦ ਬਿੰਦੀ (".")ਆਉਣੀ ਚਾਹੀਦੀ ਹੈ, ਨਹੀਂ ਤਾਂ ਇਸ ਨੂੰ ਪੂਰੀ ਗ਼ਲਤੀ ਮੰਨਿਆ ਜਾਵੇਗਾ।

4.1.8.2 ਟਾਈਪ ਕੀਤੇ ਗਏ ਛੋਟੇ ਰੂਪ ਜਿਵੇਂ 'ਚ, 'ਤੇ ਅਤੇ 'ਚੋਂ ਆਦਿ ਨੂੰ ਪੂਰੀ ਗ਼ਲਤੀ ਮੰਨਿਆ ਜਾਵੇਗਾ। ਉਮੀਦਵਾਰ ਨੂੰ ਕ੍ਰਮਵਾਰ ਇਨ੍ਹਾਂ ਦੇ ਪੂਰੇ ਰੂਪ ਵਿੱਚ, ਅਤੇ, ਉੱਤੇ ਅਤੇ ਵਿੱਚੋਂ ਟਾਈਪ ਕਰਨਾ ਚਾਹੀਦਾ ਹੈ

(ii) ਅੱਧੀਆਂ ਗ਼ਲਤੀਆਂ:

4.2.1 ਸਪੇਸ ਦੀਆਂ ਗ਼ਲਤੀਆਂ: ਜਿੱਥੇ ਦੋ ਸਹੀ ਟਾਈਪ ਕੀਤੇ ਸ਼ਬਦਾਂ (ਪੰਜਾਬਯੂਨੀਵਰਸਿਟੀ) ਵਿਚਕਾਰ ਕੋਈ ਸਪੇਸ ਨਹੀਂ ਦਿੱਤੀ ਜਾਂਦੀ ਹੈ ਜਾਂ ਸਹੀ ਟਾਈਪ ਕੀਤੇ ਸ਼ਬਦ ਨੂੰ ਸਪੇਸ ਦੇ ਕਾਰਨ ਦੋ ਸ਼ਬਦਾਂ (ਯੂਨੀ ਵਰਸਿਟੀ) ਵਿੱਚ ਵੰਡਿਆ ਜਾਂਦਾ ਹੈ।

4.2.2 ਪੰਜਾਬੀ ਵਿੱਚ ਸੰਬੰਧਕ/ਨਿਪਾਤ (ਕੇ) ਦੀਆਂ ਗ਼ਲਤੀਆਂ: ਜਿੱਥੇ ਸੰਬੰਧਕ/ਨਿਪਾਤ(ਕੇ)

ਅਤੇ ਇਸ ਤੋਂ ਪਹਿਲਾਂ ਵਾਲੇ ਨਾਂਵ/ਪੜਨਾਂਵ ਵਿਚਕਾਰ ਕੋਈ ਸਪੇਸ ਛੱਡੀ ਨਹੀਂ ਗਈ ਹੈ।(ਉਦਾਹਰਨ: ਉਸਨੇ, ਇਸਦਾ, ਇਸਦੀਆਂ, ਜਿਸਨੂੰ, ਜਾਕੇ).

4.2.3 ਵੱਡੇ/ਛੋਟੇ ਅੱਖਰਾਂ ਦੀਆਂ ਗ਼ਲਤੀਆਂ (ਸਿਰਫ਼ ਅੰਗਰੇਜ਼ੀ ਲਈ): ਵੱਡੇ ਜਾਂ ਛੋਟੇ ਅੱਖਰਾਂ ਦੀ ਗ਼ਲਤ ਵਰਤੋਂ।

ਨੋਟ - ਸਾਰੀਆਂ ਗ਼ਲਤੀਆਂ ਗਿਣੀਆਂ ਜਾਂਦੀਆਂ ਹਨ ਪਰ ਇੱਕ ਸ਼ਬਦ ਵਿੱਚ ਗਿਣੀਆਂ ਗਈਆਂ ਕੁੱਲ ਗ਼ਲਤੀਆਂ ਇੱਕ ਪੂਰੀ ਗ਼ਲਤੀ ਤੋਂ ਵੱਧ ਨਹੀਂ ਹੋਣੀਆਂ ਚਾਹੀਦੀਆਂ ਜਿਵੇਂ: (ਯੂਨੀ ਵਰਸੀਟੀ) ਇਸ ਸ਼ਬਦ ਵਿਚ ਅੱਧੀ ਗਲਤੀ ਸਪੇਸ ਦੀ ਹੈ ਅਤੇ ਇੱਕ ਗਲਤੀ ਵਰਸਿਟੀ ਦੀ ਹੈ ਇੱਕ ਸ਼ਬਦ ਦੀਆਂ ਗਲਤੀਆਂ ਹੋਣ ਕਾਰਨ ਡੇਢ ਗਲਤੀ ਦੀ ਥਾਂ ਤੇ ਇੱਕ ਗਲਤੀ ਗਿਣੀ ਜਾਵੇਗੀ।

(iii) ਨਜ਼ਰ ਅੰਦਾਜ਼ ਕੀਤੀਆਂ ਗ਼ਲਤੀਆਂ (ਸਿਰਫ਼ ਪੰਜਾਬੀ ਲਈ)

4.3.1 ਪੈਰ ਬਿੰਦੀ ਅੱਖਰ: ਅੱਗੇ ਦਿੱਤੇ ਗਏ ਅੱਖਰ-ਜੋੜਿਆਂ ਦੀ ਵਰਤੋਂ ਵਿੱਚ ਉਲਝਣ ਕਾਰਨ ਸ਼ਬਦ-ਜੋੜਾਂ ਦੀਆਂ ਹੋਣ ਵਾਲ਼ੀਆਂ ਗਲਤੀਆਂ ਨੂੰ ਨਜ਼ਰ ਅੰਦਾਜ਼ ਕੀਤਾ ਜਾਵੇਗਾ: (ਖ਼ ਅਤੇ ਖ), (ਗ਼ ਅਤੇ ਗ), (ਫ਼ ਅਤੇ ਫ), (ਲ਼ ਅਤੇ ਲ), (ਜ਼ ਅਤੇ ਜ)। ਇਸ ਤਰ੍ਹਾਂ (ਫੈਸਲਾ ਅਤੇ ਫ਼ੈਸਲਾ), (ਖਰਾਬ ਅਤੇ ਖ਼ਰਾਬ), (ਰੌਲਾ ਅਤੇ ਰੌਲ਼ਾ), (ਸਫ਼ਲ ਅਤੇ ਸਫਲ) ਅਤੇ (ਜ਼ਰੂਰ ਅਤੇ ਜਰੂਰ) ਨੂੰ ਬਰਾਬਰ ਮੰਨਿਆ ਜਾਵੇਗਾ।

ਨੋਟ:

1. (ਸ਼ ਅਤੇ ਸ) ਧੁਨੀਆਂ ਵਿੱਚ ਅੰਤਰ ਹੋਣ ਕਾਰਨ ਇਹ ਅੱਖਰ ਵੱਖ-ਵੱਖ ਮੰਨੇ ਜਾਣਗੇ। ਇਸ ਤਰ੍ਹਾਂ ਸ਼ੀਸ਼ਾ ਦੀ ਬਜਾਏ ਸੀਸਾ ਦੀ ਟਾਈਪਿੰਗ ਨੂੰ ਪੂਰੇ ਸ਼ਬਦ ਦੀ ਗ਼ਲਤੀ ਮੰਨਿਆ ਜਾਵੇਗਾ।

2. ਅਜਿਹੇ ਮਾਮਲਿਆਂ ਵਿੱਚ ਜਿੱਥੇ (ਲ਼ ਅਤੇ ਲ)ਅਤੇ (ਜ਼ ਅਤੇ ਜ) ਦੀ ਵਰਤੋਂ ਨਾਲ ਸ਼ਬਦ ਦੇ ਅਰਥ ਬਦਲ ਜਾਂਦੇ ਹਨ, ਉੱਥੇ ਲ਼ ਅਤੇ ਲ ਅਤੇ ਜ਼ ਅਤੇ ਜ ਦੀ ਗ਼ਲਤ ਵਰਤੋਂ ਨੂੰ ਪੂਰੀ ਗ਼ਲਤੀ ਮੰਨਿਆ ਜਾਵੇਗਾ। (ਉਦਾਹਰਨ: ਗੋਲੀ, ਗੋਲ਼ੀ, ਵਾਲੀ, ਵਾਲ਼ੀ ਅਤੇ ਰਾਜ, ਰਾਜ਼)(ਪ੍ਰਮਾਣਿਕ ਡਿਕਸ਼ਨਰੀਆਂ ਅਨੁਸਾਰ)

4.3.2 ਅਰਧ ਅੱਖਰ: ਆਮ ਤੌਰ ਉੱਤੇ ਅਰਧ ਅੱਖਰਾਂ (ਪੈਰੀਂ ਰਾਰਾ ਅਤੇ ਪੈਰੀਂ ਵਾਵਾ) ਜਾਂ ਬਰਾਬਰ ਦੇ ਪੂਰੇ ਅੱਖਰਾਂ ਨਾਲ ਲਿਖੇ ਸਮਾਨ ਅਰਥ ਵਾਲੇ ਸ਼ਬਦਾਂ ਨੂੰ ਬਰਾਬਰ ਮੰਨਿਆ ਜਾਵੇਗਾ। ਇਸ ਤਰ੍ਹਾਂ (ਪ੍ਰਕਾਸ਼ ਅਤੇ ਪਰਕਾਸ਼) ਅਤੇ (ਸਵੈ ਅਤੇ ਸ੍ਵੈ)ਸ਼ਬਦ ਜੋੜੇ ਬਰਾਬਰ ਮੰਨੇ ਜਾਣਗੇ। ਨੋਟ: ਇਹ ਨਿਯਮ ਪੈਰੀਂ ਹਾਹਾ ਉੱਤੇ ਲਾਗੂ ਨਹੀਂ ਹੁੰਦਾ

4.3.3 ਅਧਕ: ਪ੍ਰਮਾਣਿਕ ਸ਼ਬਦ-ਕੋਸ਼ਾਂ ਵਿਚ ਅਧਕ ਦੇ ਨਾਲ ਅਤੇ ਅਧਕ ਦੇ ਬਿਨਾਂ ਪਾਏ ਜਾਣ ਵਾਲੇ ਸ਼ਬਦ-ਜੋੜਾਂ ਵਾਲੇ ਸਮਾਨ ਅਰਥਾਂ ਵਾਲੇ ਸ਼ਬਦਾਂ ਨੂੰ ਬਰਾਬਰ ਮੰਨਿਆ ਜਾਵੇਗਾ। ਇਸ ਤਰ੍ਹਾਂ,

ਉਦਾਹਰਨ ਲਈ ਵਿਚ ਅਤੇ ਵਿੱਚ ਨੂੰ ਬਰਾਬਰ ਮੰਨਿਆ ਜਾਵੇਗਾ। ਪਰ ਕੁਝ ਮਾਮਲਿਆਂ ਵਿੱਚ ਜਿੱਥੇ ਅਧਕ ਦੀ ਮੌਜੂਦਗੀ ਅਤੇ ਗ਼ੈਰਹਾਜ਼ਰੀ ਸ਼ਬਦ ਦੇ ਅਰਥ ਨੂੰ ਬਦਲ ਦੇਵੇਗੀ ਤਾਂ ਇਸ ਨੂੰ ਪੂਰੀ ਗ਼ਲਤੀ ਮੰਨਿਆ ਜਾਵੇਗਾ। ਉਦਾਹਰਨ ਲਈ, ਦਿਲੀ ਦੀ ਬਜਾਏ ਦਿੱਲੀ ਟਾਈਪ ਕਰਨਾ ਪੂਰੇ ਸ਼ਬਦ ਦੀ ਗ਼ਲਤੀ ਮੰਨਿਆ ਜਾਵੇਗਾ। ਪੰਜਾਬੀ ਸ਼ਬਦ-ਜੋੜਾਂ ਅਨੁਸਾਰ ਅਧਕ ਦੀ ਗ਼ਲਤ ਵਰਤੋਂ ਵਾਲੇ ਸ਼ਬਦ ਵੀ ਪੂਰੀ ਗ਼ਲਤੀ ਵਜੋਂ ਮੰਨੇ ਜਾਣਗੇ। ਇਸ ਤਰ੍ਹਾਂ ਉੱਸ, ਰੋੱਟੀ ਅਤੇ ਮੱਨ ਨੂੰ ਪੂਰੀਆਂ ਗ਼ਲਤੀਆਂ ਮੰਨਿਆ ਜਾਵੇਗਾ।

4.3.4 ਵਿਰਾਮ ਚਿੰਨ੍ਹ: ਅੰਗਰੇਜ਼ੀ ਫ਼ੁੱਲ ਸਟਾਪ "." ਪ੍ਰਸ਼ਨ ਚਿੰਨ "?" ਅਤੇ ਪੰਜਾਬੀ ਪੂਰਨ ਵਿਰਾਮ ਜਾਂ ਡੰਡੀ "।" ਨੂੰ ਛੱਡ ਕੇ ਬਾਕੀ ਵਿਰਾਮ ਚਿੰਨ੍ਹਾਂ ਨੂੰ ਮੁਲਾਂਕਣ ਦੌਰਾਨ ਨਜ਼ਰ ਅੰਦਾਜ਼ ਕੀਤਾ ਜਾਵੇਗਾ।

4.3.5 ਭਾਸ਼ਾ ਅਤੇ ਸ਼ਬਦ ਜੋੜ (Spelling) ਦੇ ਪੱਖ ਤੋਂ, ਜੇਕਰ ਉਮੀਦਵਾਰ ਦੁਆਰਾ ਇੱਕੋ ਸ਼ਬਦ ਨੂੰ ਇੱਕ ਤੋਂ ਵੱਧ ਸਥਾਨਾਂ ਉੱਤੇ ਇੱਕੋ ਸ਼ਬਦ-ਜੋੜ ਨਾਲ ਗਲਤ ਟਾਈਪ ਕੀਤਾ ਜਾਂਦਾ ਹੈ ਤਾਂ ਇਸ ਨੂੰ ਇੱਕ ਗਲਤੀ ਮੰਨਿਆ ਜਾਂਦਾ ਹੈ, ਜਿਵੇਂ ਪਾਣੀ ਦੀ ਥਾਂ ਪਾਨੀ, ਭਾਸ਼ਾ ਦੀ ਥਾਂ ਭਾਸਾ ਆਦਿ। ਪਰੰਤੂ ਜੇਕਰ ਪਾਣੀ ਦੀ ਥਾਂ ਦੋ ਵਾਰ ਪਾਨੀ, ਤਿੰਨ ਵਾਰ ਭਾਨੀ ਅਤੇ ਇੱਕ ਵਾਰ ਪਣੀ ਗਲਤ ਟਾਈਪ ਕੀਤਾ ਜਾਂਦਾ ਹੈ ਤਾਂ ਇਸ ਦੀਆਂ ਕੁੱਲ 6 ਗਲਤੀਆਂ ਦੀ ਥਾਂ ਤਿੰਨ ਗਲਤੀਆਂ ਮੰਨੀਆਂ ਜਾਣਗੀਆਂ।

4.3.6 ਅੰਗਰੇਜ਼ੀ ਸ਼ਾਰਟਹੈਂਡ ਟੈਸਟ ਵਿੱਚ ਇੱਕੋ ਨਾਮ ਵਾਰ-ਵਾਰ ਆਉਣ ਤੇ ਉਸ ਦੀ ਪਹਿਲੇ ਛੋਟੇ-ਵੱਡੇ ਅੱਖਰ ਦੀ ਗਲਤੀ ਹੋਣ ਤੇ ਕੇਵਲ ਇੱਕ ਵਾਰ ਹੀ ਅੱਧੀ ਗਲਤੀ ਮੰਨੀ ਜਾਵੇਗੀ।

4.3.7 ਜੋੜਨੀ (-) ਵਾਲੇ ਸਮਾਸੀ ਸ਼ਬਦ ਨੂੰ ਇੱਕ ਸ਼ਬਦ ਮੰਨਿਆ ਜਾਵੇਗਾ। ਜੋੜਨੀ ਪਾਉਣ ਜਾਂ ਨਾ ਪਾਉਣ ਦੀ ਕੋਈ ਗਲਤੀ ਨਹੀਂ ਮੰਨੀ ਜਾਵੇਗੀ, ਪਰੰਤੂ ਜੇਕਰ ਪਾ ਦਿੱਤੀ ਹੈ ਤਾਂ ਇਸ ਤੋਂ ਪਹਿਲਾਂ ਜਾਂ ਮਗਰੋਂ ਸਪੇਸ ਛੱਡਣ ਦੀ ਅੱਧੀ ਗਲਤੀ ਮੰਨੀ ਜਾਵੇਗੀ।

5. ਉਮੀਦਵਾਰ ਨੂੰ ਦੋਨੋਂ ਪੈਰ੍ਹੇ ਵੱਖਰੇ ਟੈਕਸਟ ਬਾਕਸਾਂ (Text Boxes) ਵਿੱਚ ਲਿਖਣੇ ਪੈਣਗੇ। ਪਰ ਇੱਕ ਸਮੇਂ ਉੱਤੇ, ਸਕ੍ਰੀਨ ਉੱਤੇ ਇੱਕ ਟੈਕਸਟ ਬਾਕਸ ਦਿਖਾਈ ਦੇਵੇਗਾ। ਇਸ ਲਈ, ਦਿੱਤੇ ਟੈਕਸਟ ਬਾਕਸ ਉੱਤੇ ਪਹਿਲਾ ਪੈਰ੍ਹਾ ਟਾਈਪ ਕਰਨ ਤੋਂ ਬਾਅਦ, ਉਮੀਦਵਾਰ ਨੂੰ ਪਹਿਲੇ ਪੈਰ੍ਹੇ ਤੋਂ ਅਗਲੇ ਪੈਰ੍ਹੇ ਉੱਤੇ ਜਾਣ ਲਈ ਐਂਟਰ ਬਟਨ ਦਬਾਉਣਾ ਪਵੇਗੀ। ਇਸੇ ਤਰ੍ਹਾਂ, ਟੈਕਸਟ ਨੂੰ ਸੰਪਾਦਿਤ (editing) ਕਰਨ ਲਈ, ਟੈਕਸਟ ਦੇ ਪਿਛਲੇ ਜਾਂ ਅਗਲੇ ਪੈਰ੍ਹੇ 'ਤੇ ਜਾਣ ਲਈ ਐਰੋ ਬਟਨਾਂ ਜਾਂ PgUp ਅਤੇ PgDn ਦੀ ਵਰਤੋਂ ਕੀਤੀ ਜਾ ਸਕਦੀ ਹੈ।

ਨੋਟ: ਜੇਕਰ ਪੈਰ੍ਹਾਗ੍ਰਾਫ ਨੂੰ ਇਸ ਲਈ ਨਿਰਧਾਰਿਤ ਟੈਕਸਟ ਬਾਕਸ ਵਿੱਚ ਟ੍ਰਾਂਸਕ੍ਰਾਈਬ ਨਹੀਂ ਕੀਤਾ ਗਿਆ ਤਾਂ ਪੈਰ੍ਹੇ ਦੇ ਸਾਰੇ ਸ਼ਬਦ ਗਲਤ ਮੰਨੇ ਜਾਣਗੇ।

ਗਲਤੀ ਗਣਨਾ ਦੀਆਂ ਉਦਾਹਰਨਾਂ- :

$$\text{ਗ਼ਲਤੀਆਂ ਦੀ ਪ੍ਰਤੀਸ਼ਤਤਾ} = \frac{100 * (\text{full mistakes} + \text{half mistakes} * 0.5)}{\text{Number of words in the master passage}}$$

ਹੇਠ ਲਿਖੇ ਪੈਰ੍ਹੇ ਨੂੰ ਡਿਕਟੇਸ਼ਨ ਲਈ ਲੈਂਦੇ ਹਾਂ:

ਡਾ. ਗਰਗ ਅਤੇ ਉਨ੍ਹਾਂ ਦਾ ਪ੍ਰੋਫੈਸਰ ਦੋਸਤ ਦਿੱਲੀ ਜਾ ਰਹੇ ਹਨ। ਜਹਾਜ਼ ਉੱਡਣ ਲਈ ਤਿਆਰ ਹੈ ਅਤੇ ਉਡਾਰੀ ਭਰਨ ਦੇ ਵਿੱਚ ਸਿਰਫ 5 ਕੁ ਮਿੰਟ ਦਾ ਸਮਾਂ ਰਹਿ ਗਿਆ ਹੈ, ਇਸ ਲਈ ਸਭ ਨੂੰ ਹਿਦਾਇਤ ਦਿੱਤੀ ਜਾਂਦੀ ਹੈ ਕਿ ਆਪਣਾ-ਆਪਣਾ ਮੋਬਾਈਲ ਬੰਦ ਕਰ ਦਿਓ ਅਤੇ ਸੀਟ ਬੈਲਟ ਬੰਨ੍ਹ ਲਵੋ ਅਤੇ ਆਪਣਾ ਸਮਾਨ ਸੀਟ ਦੇ ਥੱਲੇ ਰੱਖ ਲਓ।

ਅਸੀਂ ਇਹ ਮੰਨਦੇ ਹਾਂ ਕਿ ਵਰਤੋਂਕਾਰ ਨੇ ਦੋ ਮਿੰਟਾਂ ਵਿੱਚ ਇਸ ਨੂੰ ਹੇਠ ਲਿਖੇ 1-4 ਕੇਸਾਂ ਵਿੱਚ ਟ੍ਰਾਂਸਕ੍ਰਾਈਬ ਕੀਤਾ ਹੈ

**ਕੇਸ 1:** ਡਾ. ਗਰਗ ਅਤੇ ਉਨ੍ਹਾਂ ਦਾ ਪ੍ਰੋਫੈਸਰ ਦੋਸਤ ਦਿੱਲੀ ਜਾ ਰਹੇ ਹਨ। ਜਹਾਜ਼ ਉੱਡਣ ਲਈ ਤਿਆਰ ਹੈ ਅਤੇ ਉਡਾਰੀ ਭਰਨ ਦੇ ਵਿੱਚ ਸਿਰਫ 5 ਕੁ ਮਿੰਟ ਦਾ ਸਮਾਂ ਰਹਿ ਗਿਆ ਹੈ, ਇਸ ਲਈ ਸਭ ਨੂੰ ਹਿਦਾਇਤ ਦਿੱਤੀ ਜਾਂਦੀ ਹੈ ਕਿ ਆਪਣਾ-ਆਪਣਾ ਮੋਬਾਈਲ ਬੰਦ ਕਰ ਦਿਓ ਅਤੇ ਸੀਟ ਬੈਲਟ ਬੰਨ੍ਹ ਲਵੋ ਅਤੇ ਆਪਣਾ ਸਮਾਨ ਸੀਟ ਦੇ ਥੱਲੇ ਰੱਖ ਲਓ।

- ਕੁੱਲ ਸ਼ਬਦ = 59 (ਸਮੇਤ)
- ਗ਼ਲਤੀਆਂ = 0
- ਗ਼ਲਤੀਆਂ ਦੀ ਪ੍ਰਤੀਸ਼ਤ = $\frac{100*0}{59}$= 0%

**ਕੇਸ 2 :** ਡਾਕਟਰ ਗਰਗ ਅਤੇ ਉਨ੍ਹਾਂ ਦਾ ਪ੍ਰੋਫੈਸਰ ਦੋਸਤ ਦਿਲੀ ਜਾ ਰਹੇ ਹਨ। ਜਹਾਜ ਉੱਡਣ ਲਈ ਤਿਆਰ ਹੈ ਅਤੇ ਉਡਾਰੀ ਭਰਨ ਦੇ ਵਿਚ ਸਿਰਫ ਪੰਜ ਕੁ ਮਿੰਟ ਦਾ ਸਮਾਂ ਰਹਿ ਗਿਆ ਹੈ , ਇਸ ਲਈ ਸਭ ਨੂੰ ਹਿਦਾਇਤ ਦਿਤੀ ਜਾਂਦੀ ਹੈ ਕਿ ਆਪਣਾ-2 ਮੋਬਾਈਲ ਬੰਦ ਕਰ ਦਿਓ ਅਤੇ ਸਿਟ ਬੈਲਟ ਬੰਨ ਲਵੋ ਅਤੇ ਆਪਣਾ ਆਪਣਾ ਸਮਾਨ ਸਿਟ ਦੇ ਥੱਲੇਰੱਖ ਲਵੋ

| ਪੂਰੀਆਂ ਗ਼ਲਤੀਆਂ | ਅੱਧੀਆਂ ਗ਼ਲਤੀਆਂ | ਨਜ਼ਰ ਅੰਦਾਜ਼ ਗ਼ਲਤੀਆਂ |
|---|---|---|
| ਦਿਲੀ (ਨਿਯਮ 4.3.3) | ਥੱਲੇਰੱਖ (ਨਿਯਮ 4.2.1) | ਡਾਕਟਰ (ਨਿਯਮ 4.1.8) |
| ਪੰਜ (ਨਿਯਮ 4.1.7) | | ਜਹਾਜ (ਨਿਯਮ 4.3.1) |
| ਦਿਤੀ (ਨਿਯਮ 4.3.3, ਗ਼ਲਤ ਸ਼ਬਦ-ਜੋੜ) | | ਸਿਰਫ (ਨਿਯਮ 4.3.1) |
| ਆਪਣਾ-2 (ਨਿਯਮ 4.3.6) | | ਹੈ (ਨਿਯਮ 4.3.4) |
| ਸਿਟ (ਦੋ ਵਾਰ ਗ਼ਲਤ ਟਾਈਪ ਕੀਤਾ ਗਿਆ ਹੈ, ਪਰ ਇੱਕ ਗ਼ਲਤੀ ਮੰਨੀ ਗਈ ਹੈ) (ਨਿਯਮ 4.3.5) | | |
| ਬੰਨ (ਨਿਯਮ 4.3.2) | | |

| | | |
|---|---|---|
| ਆਪਣਾ (ਨਿਯਮ 4.1.3) | | |
| ਲਵੋ (ਨਿਯਮ 4.1.2) | | |
| । ਲੁਪਤ (ਨਿਯਮ 4.1.6) | | |

- ਗ਼ਲਤੀਆਂ = 10.5
- ਗ਼ਲਤੀਆਂ ਦੀ ਪ੍ਰਤੀਸ਼ਤਤਾ $= \frac{100*10.5}{59}$ = 17.79%

**ਕੇਸ 3**: ਡਾ. ਗਰਗ ਅਤੇ ਉਨ੍ਹਾਂ ਦਾ ਪ੍ਰੋ. ਦੋਸਤ ਦਿੱਲੀ ਜਾ ਰਹੇ ਹਨ। ਜਹਾਜ਼ ਉੱਡਣ ਲਈ ਤਿਆਰ ਹੈ ਅਤੇ ਉਡਰੀ ਭਰਨ ਦੇ 'ਚ ਸਿਰਫ 5 ਕੁ ਮਿੰਟ ਦਾ ਸਮਾਂ ਰਹਿ ਗਿਆ ਹੈ ਇਸ ਲਈ ਸੱਭ ਨੂੰ ਇਹ ਹਿਦਾਇਤ ਦਿੱਤੀ ਜਾਂਦੀ ਹੈ ਕਿ ਆਪਣਾ-ਆਪਣਾ ਮੋਬਾ ਈਲ ਬੰਦ ਕਰ ਦਿਓ ਅਤੇ ਸੀਟ ਬੇਲਟ ਬੰਨ੍ਹ ਲਵੋ ਅਤੇ ਆਪਣਾ ਸਮਾਨ ਸੀਟ ਦੇ ਥੱਲੇ

| ਪੂਰੀਆਂ ਗ਼ਲਤੀਆਂ | ਅੱਧੀਆਂ ਗ਼ਲਤੀਆਂ | ਨਜ਼ਰ ਅੰਦਾਜ਼ ਗ਼ਲਤੀਆਂ |
|---|---|---|
| ਪ੍ਰੋ. (ਨਿਯਮ 4.1.8) ਸੰਬੋਧਨੀ ਸੰਖੇਪ ਰੂਪ ਨਹੀਂ ਹੈ | ਮੋਬਾ ਈਲ (ਨਿਯਮ 4.2.1) | ਲੁਪਤ "," (ਨਿਯਮ 4.3.4) |
| ਉਡਰੀ (ਨਿਯਮ 4.1.2) | | |
| 'ਚ (ਨਿਯਮ 4.1.8) | | |
| ਸੱਭ (ਨਿਯਮ 4.3.3, ਗ਼ਲਤ ਸ਼ਬਦ-ਜੋੜ) | | |
| ਇਹ (ਨਿਯਮ 4.1.3) | | |
| ਬੇਲਟ (ਨਿਯਮ 4.1.4) | | |
| ਰੱਖ (ਨਿਯਮ 4.1.1) | | |
| ਲਓ । (ਨਿਯਮ 4.1.1 ਅਤੇ 4.1.6) (ਗ਼ਲਤੀ ਲਈ ਦੋ ਸ਼ਬਦ ਗਿਣੇ ਗਏ ਲਓ ਅਤੇ ।) | | |

- ਗ਼ਲਤੀਆਂ = 9.5

- ਗ਼ਲਤੀਆਂ ਦੀ ਪ੍ਰਤੀਸ਼ਤਤਾ = $\frac{100 \times 9.5}{59}$ = **16.10%**

**ਕੇਸ 4**: ਡਾ. ਗਰਗ ਅਤੇ ਉਨ੍ਹਾਂ ਦਾ ਪ੍ਰੋਫੈਸਰ ਦੋਸਤ ਦਿੱਲੀ ਜਾ ਰਹੇ ਹਨ। ਜਹਾਜ਼ ਉੱਡਣ ਲਈ ਤਿਆਰ ਹੈ ਅਤੇ ਉਡਾਰੀ ਭਰਨ ਦੇ ਵਿੱਚ ਸਿਰਫ 5 ਕੁ ਮਿੰਟ ਦਾ ਸਮਾਂ ਰਹਿ ਗਿਆ ਹੈ, ਇਸ ਲਈ ਸਭ ਨੂੰ ਹਿਦਾਇਤ ਦਿੱਤੀ ਜਾਂਦੀ ਹੈ ਕਿ ਆਪਣਾ-ਆਪਣਾ ਮੋਬਾਈਲ ਬੰਦ ਕਰ ਦਿਓ ਅਤੇ ਸੀਟ ਬੈਲਟ ਬੰਨ੍ਹ ਲਵੋ ਹੈ, ਇਸ ਲਈ ਸਭ ਨੂੰ ਹਿਦਾਇਤ ਦਿੱਤੀ ਜਾਂਦੀ ਹੈ ਕਿ ਆਪਣੇ ਮੋਬਾਈਲ ਬੰਦ ਕਰ ਦਿਓ ਅਤੇ ਸੀਟ ਬੈਲਟ ਬੰਨ੍ਹ ਲਵੋ ਅਤੇ ਆਪਣਾ ਸਮਾਨ ਸੀਟ ਦੇ ਥੱਲੇ ਰੱਖ ਲਓ।

- ਗ਼ਲਤੀਆਂ = 20 (ਇੱਕ ਲਾਈਨ ਦਾ ਦੁਹਰਾਓ)
- ਗ਼ਲਤੀਆਂ ਦੀ ਪ੍ਰਤੀਸ਼ਤਤਾ = $\frac{100 \times 20}{59}$ = **33.89%**